# ਆਪਣੀ ਘਰੇਲੂ ਭਾਸ਼ਾ ਕਾਇਮ ਰੱਖੋ

ਵਾਟਰਲੂ ਰੀਜਨਲ ਡਿਸਟ੍ਰਿਕਟ ਸਕੂਲ ਬੋਰਡ ਕੋਲ ਸਾਡੇ ਸਕੂਲਾਂ ਵਿੱਚ **150 ਤੋਂ ਵੱਧ ਭਾਸ਼ਾਵਾਂ** ਦੀ ਨੁਮਾਇੰਦਗੀ ਹੈ।

## ਕੀ ਤੁਸੀਂ ਜਾਣਦੇ ਹੋ

WRDSB ਦੇ

**1/4**

ਵਿਦਿਆਰਥੀ ਘਰ ਵਿਚ ਅੰਗਰੇਜ਼ੀ ਤੋਂ ਇਲਾਵਾ ਕੋਈ ਹੋਰ ਭਾਸ਼ਾ ਬੋਲਦੇ ਹਨ।

**ਘਰੇਲੂ ਭਾਸ਼ਾਵਾਂ ਨੂੰ ਕਾਇਮ ਰੱਖਣ ਨਾਲ ਵਿਦਿਆਰਥੀਆਂ ਨੂੰ ਨਵੀਆਂ ਭਾਸ਼ਾਵਾਂ ਸਿੱਖਣ ਵਿੱਚ ਮਦਦ ਮਿਲਦੀ ਹੈ।**

**ਕਈ ਭਾਸ਼ਾਵਾਂ ਦੀ ਵਰਤੋਂ ਨਾਲ ਸਿੱਖਣ ਅਤੇ ਯਾਦਦਾਸ਼ਤ ਵਿੱਚ ਸੁਧਾਰ ਹੁੰਦਾ ਹੈ।**

**ਘਰੇਲੂ ਭਾਸ਼ਾਵਾਂ ਸਾਡੀ ਪਛਾਣ ਅਤੇ ਸੱਭਿਆਚਾਰ ਦੀ ਨੀਂਹ ਹਨ।**

**ਘਰੇਲੂ ਭਾਸ਼ਾਵਾਂ ਸਾਨੂੰ ਨੇੜੇ ਅਤੇ ਦੂਰ ਦੇ ਦੋਸਤਾਂ ਅਤੇ ਪਰਿਵਾਰ ਨਾਲ ਜੋੜਦੀਆਂ ਹਨ।**

## ਤੁਹਾਡੀ ਘਰੇਲੂ ਭਾਸ਼ਾ ਨੂੰ ਵਿਕਸਿਤ ਕਰਨ ਲਈ ਸੁਝਾਅ

### ਆਪਣੀਆਂ ਘਰੇਲੂ ਭਾਸ਼ਾਵਾਂ ਦੀ ਵਰਤੋਂ ਕਰਦੇ ਰਹੋ

ਆਪਣੀ ਘਰੇਲੂ ਭਾਸ਼ਾ ਵਿੱਚ ਬੋਲਣ, ਪੜ੍ਹਨਾ, ਲਿਖਣਾ, ਗਾਉਣਾ ਅਤੇ ਖੇਡਣਾ ਜਾਰੀ ਰੱਖੋ। ਆਪਣੀ ਘਰੇਲੂ ਭਾਸ਼ਾ ਦੀ ਵਰਤੋਂ ਕਰਦੇ ਰਹੋ ਭਾਵੇਂ ਤੁਹਾਡੇ ਬੱਚੇ ਨੂੰ ਤੁਹਾਡੀ ਘਰੇਲੂ ਭਾਸ਼ਾ ਜਾਂ ਅੰਗਰੇਜ਼ੀ ਸਿੱਖਣ ਵਿੱਚ ਮੁਸ਼ਕਲ ਆ ਰਹੀ ਹੋਵੇ।

### ਸਕੂਲ ਬਾਰੇ ਗੱਲ ਕਰੋ

ਆਪਣੇ ਬੱਚੇ ਨਾਲ ਇਸ ਬਾਰੇ ਗੱਲ ਕਰੋ ਕਿ ਉਹ ਕੀ ਸਿੱਖ ਰਿਹਾ ਹੈ ਅਤੇ ਸਕੂਲ ਵਿੱਚ ਕੀ ਹੋ ਰਿਹਾ ਹੈ।

### ਕਿਤਾਬਾਂ ਅਤੇ ਵੀਡੀਓਜ਼ ਬਾਰੇ ਗੱਲ ਕਰੋ

ਆਪਣੇ ਬੱਚੇ ਨਾਲ ਕਿਤਾਬਾਂ ਪੜ੍ਹੋ ਅਤੇ ਵੀਡੀਓ ਦੇਖੋ ਅਤੇ ਉਨ੍ਹਾਂ ਬਾਰੇ ਗੱਲ ਕਰੋ। ਉਹਨਾਂ ਨੂੰ ਇਸ ਬਾਰੇ ਗੱਲ ਕਰਨ ਲਈ ਕਹੋ ਕਿ ਕੀ ਹੋ ਰਿਹਾ ਹੈ ਅਤੇ ਉਹ ਕੀ ਸੋਚਦੇ ਹਨ ਕਿ ਅੱਗੇ ਕੀ ਹੋਵੇਗਾ।

### ਲਾਇਬ੍ਰੇਰੀ ਜਾਓ

ਆਪਣੀ ਘਰੇਲੂ ਭਾਸ਼ਾ ਅਤੇ ਅੰਗਰੇਜ਼ੀ ਵਿੱਚ ਕਿਤਾਬਾਂ ਲੱਭਣ ਲਈ ਸਕੂਲ ਦੀ ਲਾਇਬ੍ਰੇਰੀ ਜਾਂ ਪਬਲਿਕ ਲਾਇਬ੍ਰੇਰੀ ਵਿੱਚ ਜਾਓ। ਕੁਝ ਕਿਤਾਬਾਂ ਦੋਵਾਂ ਭਾਸ਼ਾਵਾਂ ਵਿੱਚ ਉਪਲਬਧ ਹੋ ਸਕਦੀਆਂ ਹਨ।
**wrdsb.social/3TraQjs**

### IILP ਪ੍ਰੋਗਰਾਮ

ਪਤਾ ਕਰੋ ਕਿ ਤੁਹਾਡਾ ਬੱਚਾ ਸਾਡੇ ਇੰਟਰਨੈਸ਼ਨਲ ਅਤੇ ਇੰਡਿਜਨਸ ਭਾਸ਼ਾ ਪ੍ਰੋਗਰਾਮਾਂ ਵਿੱਚ ਆਪਣੀ ਘਰੇਲੂ ਭਾਸ਼ਾ ਨੂੰ ਕਿਵੇਂ ਵਿਕਸਿਤ ਕਰਨਾ ਜਾਰੀ :ਰੱਖ ਸਕਦਾ ਹੈ
**wrdsb.social/3U6gQzB**

ਹੋਰ ਜਾਣਨ ਲਈ ਮਲਟੀਲਿੰਗੁਅਲ ਲੈਂਗੁਏਜ ਲਰਨਰਜ਼ (MLL)
**ਵਿਜ਼ਿਟ ਕਰਨ ਲਈ ਸਕੈਨ ਕਰੋ** ਜਾਂ
**wrdsb.social/MLL** ‘ਤੇ ਜਾਓ

**WRDSB.CA**